BC Builds homes for people

StrongerBC BC HOUSING

Supported in partnership by the Province of British Columbia and BC Housing.

## ਆਮ ਪੁੱਛੇ ਜਾਣ ਵਾਲੇ ਸਵਾਲ ਫਰਵਰੀ 2024

### 1. ਬੀ ਸੀ ਬਿਲਡਜ਼ ਕਿਹਨਾਂ ਲਈ ਹੈ?

- ਬੀ ਸੀ ਬਿਲਡਜ਼ ਦਾ ਟੀਚਾ ਬੀ ਸੀ ਦੇ ਮਿਡਲ ਇਨਕਮ ਵਾਲੇ ਲੋਕਾਂ - ਜਿਵੇਂ ਟੀਚਰਾਂ, ਨਰਸਾਂ, ਟ੍ਰਾਂਜ਼ਿਟ ਉਪਰੇਟਰਾਂ, ਕਨਸਟ੍ਰਕਸ਼ਨ ਵਰਕਰਾਂ, ਛੋਟੇ ਕਾਰੋਬਾਰਾਂ ਦੇ ਮਾਲਕਾਂ ਅਤੇ ਹੋਰ ਲੋਕਾਂ-ਦੀ ਅਜਿਹੇ ਘਰ ਲੱਭਣ ਵਿੱਚ ਮਦਦ ਕਰਨਾ ਹੈ ਜਿਹੜੇ ਘਰ ਉਹਨਾਂ ਨੂੰ ਵਾਰਾਂ ਖਾਂਦੇ ਹੋਣ ਅਤੇ ਉਹਨਾਂ ਕਮਿਊਨਿਟੀਆਂ ਵਿੱਚ ਹੋਣ ਜਿਹਨਾਂ ਵਿੱਚ ਉਹ ਰਹਿੰਦੇ ਹਨ।
- ਬੀ ਸੀ ਬਿਲਡਜ਼ ਮੌਜੂਦਾ ਬੀ ਸੀ ਹਾਊਸਿੰਗ ਪ੍ਰੋਗਰਾਮ ਲਈ ਆਮਦਨ ਦੀ ਯੋਗਤਾ ਦੀ ਉਪਰਲੀ ਹੱਦ ਵਾਲੀ ਆਮਦਨ ਵਾਲੇ ਪਰਿਵਾਰਾਂ (ਹਾਊਸਹੋਲਡਜ਼) ਅਤੇ ਹੋਰਾਂ ਲਈ ਲਈ ਘਰ ਪ੍ਰਦਾਨ ਕਰਦਾ ਹੈ ਤਾਂ ਜੋ ਇਹਨਾਂ ਮਿਡਲ ਇਨਕਮ ਰੇਂਜਾਂ ਵਿੱਚ ਆਉਣ ਵਾਲੇ ਲੋਕਾਂ ਲਈ ਜ਼ਿਆਦਾ ਘਰਾਂ ਲਈ ਵੱਧ ਰਹੀ ਲੋੜ ਨੂੰ ਪੂਰਾ ਕੀਤਾ ਜਾ ਸਕੇ।
- ਬੀ ਸੀ ਬਿਲਡਜ਼ ਲਈ ਸੂਬਾਈ ਮਦਦਾਂ ਅਜਿਹੇ ਕਿਰਾਇਆਂ ਵਾਲੇ ਘਰ ਪੈਦਾ ਕਰ ਸਕਦੀਆਂ ਹਨ ਜਿਹੜੇ ਹੇਠਾਂ ਦਿੱਤੀਆਂ ਆਮਦਨਾਂ ਵਾਲੇ ਪਰਿਵਾਰਾਂ ਲਈ ਵਾਰਾ-ਖਾਣ ਯੋਗ ਹੋਣ:
  - 84,780 ਡਾਲਰ ਤੋਂ ਲੈ ਕੇ 131,950 ਡਾਲਰ ਦੀ ਆਮਦਨ ਵਾਲੇ ਪਰਿਵਾਰਾਂ ਲਈ ਇਕ ਸਟੂਡੀਓ ਜਾਂ ਇਕ ਬੈੱਡਰੂਮ ਦਾ ਘਰ
  - 131,410 ਡਾਲਰ ਤੋਂ ਲੈ ਕੇ 191,910 ਡਾਲਰ ਦੀ ਆਮਦਨ ਵਾਲੇ ਪਰਿਵਾਰਾਂ ਲਈ ਦੋ ਬੈੱਡਰੂਮ ਦਾ ਜਾਂ ਵੱਡਾ ਘਰ
- ਘੱਟ ਲਾਗਤ ਵਾਲੀ ਜ਼ਮੀਨ, ਭਾਈਵਾਲਾਂ ਲਈ ਇਕੁਇਟੀ ਅਤੇ ਫੀਸਾਂ ਤੋਂ ਛੋਟ ਲਈ ਯੋਗਦਾਨ ਅਜਿਹੇ ਘਰ ਬਣਾਉਣਾ ਸੰਭਵ ਬਣਾਏਗਾ ਜਿਹੜੇ ਇਸ ਰੇਂਜ ਤੋਂ ਘੱਟ ਆਮਦਨ ਵਾਲੇ ਪਰਿਵਾਰਾਂ ਨੂੰ ਵਾਰਾ-ਖਾਂਦੇ ਹੋਣ।
- ਬੀ ਸੀ ਬਿਲਡਜ਼ ਸਰਕਾਰੀ ਘਰਾਂ ਦਾ ਰਵਾਇਤੀ ਪ੍ਰੋਗਰਾਮ ਨਹੀਂ ਹੈ - ਸਰਕਾਰ ਅਤੇ ਬੀ ਸੀ ਹਾਊਸਿੰਗ ਦੇ ਹੋਰ ਪ੍ਰੋਗਰਾਮ ਹਨ ਜਿਹੜੇ ਘੱਟ ਤੋਂ ਦਰਮਿਆਨੀ ਆਮਦਨ ਵਾਲੇ ਲੋਕਾਂ ਲਈ ਘਰ ਪ੍ਰਦਾਨ ਕਰਦੇ ਹਨ।

### 2. ਬੀ ਸੀ ਬਿਲਡਜ਼ ਦੀ ਪਹੁੰਚ ਡਿਵੈਲਪਮੈਂਟ ਦੇ ਰਵਾਇਤੀ ਮਾਡਲ ਤੋਂ ਕਿਸ ਤਰ੍ਹਾਂ ਵੱਖਰੀ ਹੈ?

- ਪ੍ਰੋਜੈਕਟ ਡਿਵੈਲਪਮੈਂਟ ਨੂੰ ਲੱਗਣ ਵਾਲੇ ਸਮੇਂ ਵਿੱਚ ਤੇਜ਼ੀ ਲਿਆਉਣ ਲਈ ਬੀ ਸੀ ਬਿਲਡਜ਼ ਜ਼ਮੀਨ ਮਾਲਕਾਂ ਅਤੇ ਰਿਹਾਇਸ਼ੀ ਘਰ ਬਣਾਉਣ ਵਾਲਿਆਂ ਨੂੰ ਇਕੱਠੇ ਕਰਦਾ ਹੈ।
- ਇਹ ਭਾਈਵਾਲੀਆਂ ਨੂੰ ਸੌਖਾ ਬਣਾ ਕੇ, ਪ੍ਰਸਤਾਵਾਂ (ਪਰਪੋਜ਼ਲਜ਼) ਦੇ ਮੁੱਲਾਂਕਣ ਵਿੱਚ ਸਹਾਇਤਾ ਕਰਕੇ, ਡਿਵੈਲਪਮੈਂਟ ਦੇ ਅਮਲ ਨੂੰ ਕਾਰਗਰ ਬਣਾ ਕੇ ਅਤੇ ਆਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਨ ਲਈ ਇਕ ਸਮਰਪਤ ਟੀਮ ਪ੍ਰਦਾਨ ਕਰਕੇ ਕੀਤਾ ਜਾਂਦਾ ਹੈ।
- ਬੀ ਸੀ ਬਿਲਡਜ਼ ਦਾ ਟੀਚਾ ਪ੍ਰੋਜੈਕਟਾਂ ਨੂੰ ਉਸਾਰਨ ਦੇ ਖ਼ਿਆਲ ਤੋਂ ਲੈ ਕੇ ਉਸਾਰੀ (ਕਨਸੈਪਟ ਟੂ ਕੰਨਸਟ੍ਰਕਸ਼ਨ) ਤੱਕ ਤਿੰਨ ਤੋਂ ਪੰਜ ਸਾਲਾਂ ਦੇ ਆਮ ਲੱਗਣ ਵਾਲੇ ਸਮੇਂ ਦੀ ਥਾਂ 12-18 ਮਹੀਨਿਆਂ ਵਿੱਚ ਮੂਵ ਕਰਨਾ ਹੈ।
- ਇਸ ਦੇ ਨਾਲ ਹੀ ਇਸ ਉੱਦਮ ਦਾ ਇਕ ਮੁੱਖ ਹਿੱਸਾ ਕਿਰਾਇਆਂ ਨੂੰ ਹੋਰ ਵਾਰਾ-ਖਾਣ ਯੋਗ ਰੱਖਣ ਅਤੇ ਪ੍ਰੋਜੈਕਟਾਂ ਨੂੰ ਸ਼ੁਰੂ ਕਰਨ ਲਈ ਦਿੱਤੀ ਜਾਂਦੀ ਗ੍ਰਾਂਟ ਦੇ ਪੈਸਿਆਂ ਦੇ ਨਾਲ ਨਾਲ ਕਿਰਾਏ ਦੇ ਘਰਾਂ ਦੇ ਹੋਰ ਲਾਹੇਵੰਦ ਪ੍ਰੋਜੈਕਟ ਪੈਦਾ ਕਰਨ ਲਈ ਘੱਟ ਵਰਤੀਆਂ ਜਾਂਦੀਆਂ ਸਰਕਾਰੀ ਜ਼ਮੀਨਾਂ (ਕਮਿਊਨਿਟੀ ਸੈਂਟਰਾਂ/ਫਾਇਰਹਾਲਾਂ ਉੱਪਰਲੀਆਂ ਪਾਰਕਿੰਗ ਲਾਟਾਂ) ਦੀ ਵਰਤੋਂ ਕਰਨਾ ਹੈ।

### 3. ਬੀ ਸੀ ਬਿਲਡਜ਼ ਦੀ ਬਿਲਡਿੰਗ ਵਿੱਚ ਕਿਰਾਏ `ਤੇ ਮਕਾਨ ਲੈਣ ਦਾ ਖਰਚਾ ਕਿੰਨਾ ਹੋਵੇਗਾ?

- ਜਦੋਂ ਕੋਈ ਪ੍ਰੋਜੈਕਟ ਮੁਕੰਮਲ ਹੋ ਜਾਵੇਗਾ, ਤਾਂ ਇਸ ਵਿੱਚ ਕਿਰਾਏ `ਤੇ ਮਕਾਨ ਲੈਣ ਦਾ ਖਰਚਾ ਕਮਿਊਨਿਟੀ ਵਿੱਚ ਕਿਰਾਇਆਂ ਦਾ ਮੁੱਲਾਂਕਣ ਕਰਕੇ ਨਿਰਧਾਰਤ ਕੀਤਾ ਜਾਵੇਗਾ। ਟੀਚਾ ਇਹ ਹੋਵੇਗਾ ਕਿ ਮਿਡਲ-ਇਨਕਮ ਵਾਲੇ ਪਰਿਵਾਰਾਂ ਨੂੰ ਆਪਣੀ ਆਮਦਨ ਦੇ 30% ਹਿੱਸੇ ਤੋਂ ਵੱਧ ਕਿਰਾਇਆ ਨਾ ਦੇਣਾ ਪਵੇ।
- ਕਿਰਾਇਆਂ ਦੇ ਰੇਟਾਂ ਬਾਰੇ ਫੈਸਲਾ ਕਮਿਊਨਿਟੀ ਵਿੱਚ ਆਮਦਨਾਂ, ਕਿਰਾਇਆਂ ਅਤੇ ਡਿਵੈਲਪਮੈਂਟ ਦੀ ਲਾਗਤ ਦਾ ਵਿਸ਼ਲੇਸ਼ਣ ਕਰਕੇ ਕੀਤਾ ਜਾਵੇਗਾ। ਇਸ ਦਾ ਮਤਲਬ ਹੈ ਕਿ ਵੱਖ ਵੱਖ ਕਮਿਊਨਿਟੀਆਂ ਵਿੱਚ ਕਿਰਾਏ ਵੱਖਰੇ ਵੱਖਰੇ ਹੋਣਗੇ।
- ਬੀ ਸੀ ਬਿਲਡਜ਼ ਵਿੱਚ ਨਾਨ-ਪਰਾਫਿਟ ਸੁਸਾਇਟੀਆਂ, ਡਿਵੈਲਪਮੈਂਟ ਲਈ ਬਣੀਆਂ ਫਸਟ ਨੇਸ਼ਨਜ਼ ਦੀਆਂ ਕਾਰਪੋਰੇਸ਼ਨਾਂ ਜਾਂ ਪਬਲਿਕ ਸੰਸਥਾਂਵਾਂ ਦੀ ਮਾਲਕੀ ਵਾਲੀਆਂ ਅਤੇ ਉਹਨਾਂ ਵਲੋਂ ਚਲਾਈਆਂ ਜਾਂਦੀਆਂ ਬਿਲਡਿੰਗਾਂ ਵਿੱਚ 20% ਘਰ ਮਾਰਕੀਟ ਵਿਚਲੇ

BC Builds
homes for people

ਕਿਰਾਇਆਂ ਤੋਂ 20% ਘੱਟ ਕਿਰਾਇਆਂ `ਤੇ ਕਿਰਾਏ `ਤੇ ਦਿੱਤੇ ਜਾਣਗੇ। ਅਜਿਹਾ ਹੋਣਾ ਸਰਕਾਰ ਵਲੋਂ ਕੰਨਸਟ੍ਰਕਸ਼ਨ ਲਈ ਦਿੱਤੇ ਕਰਜਿਆਂ ਅਤੇ ਗਰਾਂਟਾਂ ਕਰਕੇ ਸੰਭਵ ਹੋਵੇਗਾ।

**4. ਬੀ ਸੀ ਬਿਲਡਜ਼ ਦੇ ਪ੍ਰੋਜੈਕਟਾਂ ਵਿੱਚ ਮਾਰਕੀਟ ਦੇ ਕਿਰਾਇਆਂ ਤੋਂ ਘੱਟ ਕਿਰਾਏ ਕਿੰਨੀ ਦੇਰ ਤੱਕ ਰਹਿਣਗੇ?**

- ਪ੍ਰਤੀ ਯੂਨਿਟ ਮਗਰ 225,000 ਡਾਲਰ ਦੀ ਗਰਾਂਟ ਪ੍ਰਾਪਤ ਕਰਨ ਵਾਲੇ ਨਾਨ-ਪਰਾਫਿਟ ਭਾਈਵਾਲਾਂ, ਹਾਊਸਿੰਗ ਕਾਰਪੋਰੇਸ਼ਨਾਂ ਜਾਂ ਫਸਟ ਨੇਸ਼ਨਜ਼ ਦੇ ਕੰਟਰੋਲ ਵਾਲੀਆਂ ਡਿਵੈਲਪਮੈਂਟ ਕਾਰਪੋਰੇਸ਼ਨਾਂ ਦੇ ਪ੍ਰੋਜੈਕਟਾਂ ਵਿੱਚ ਜ਼ਰੂਰੀ ਹੈ ਕਿ ਯੋਗ ਪਰਿਵਾਰਾਂ ਕੋਲ ਘੱਟੋ ਘੱਟ 35 ਸਾਲ ਤੱਕ ਯੂਨਿਟ ਰੱਖਣ ਦਾ ਨਿਸ਼ਾਨਾ ਹੋਵੇ।
- ਨਾਨ-ਪਰਾਫਿਟ ਸੰਸਥਾਂਵਾ ਮਿਸ਼ਨ ਲਈ ਕੰਮ ਕਰਦੀਆਂ ਹਨ ਅਤੇ ਕਿਰਾਇਆਂ ਨੂੰ ਸਦਾ ਲਈ ਮਾਰਕੀਟ ਦੀ ਦਰ ਤੋਂ ਘੱਟ ਰੱਖਦੀਆਂ ਹਨ।
- 35 ਸਾਲ ਮਾਰਗੇਜ਼ ਦੀ ਮਿਆਦ ਨਾਲ ਨਿਸ਼ਚਿਤ ਕੀਤੇ ਗਏ ਹਨ।

**5. ਬੀ ਸੀ ਬਿਲਡਜ਼ ਵਿੱਚ ਕਿਰਾਏ ਦੇ ਮੌਕਿਆਂ ਬਾਰੇ ਮੈਂ ਕਿਵੇਂ ਪਤਾ ਲਾ ਸਕਦਾ/ਸਕਦੀ ਹਾਂ? ਬੀ ਸੀ ਬਿਲਡਜ਼ ਦੀ ਬਿਲਡਿੰਗ ਵਿੱਚ ਰਹਿਣ ਲਈ ਮੈਂ ਕਿਵੇਂ ਅਰਜ਼ੀ ਕਰ ਸਕਦਾ/ਸਕਦੀ ਹਾਂ?**

- ਉਹਨਾਂ ਮੁਕੰਮਲ ਹੋ ਗਏ ਪ੍ਰੋਜੈਕਟਾਂ ਦੀ ਲਿਸਟ bcbuildshomes.ca/renters `ਤੇ ਉਪਲਬਧ ਹੋਵੇਗੀ ਜਿਹੜੇ ਆਪਣੇ ਪਹਿਲੇ ਕਿਰਾਏਦਾਰਾਂ ਤੋਂ ਅਰਜ਼ੀਆਂ ਲੈ ਰਹੇ ਹੋਣਗੇ।
- ਬੀ ਸੀ ਬਿਲਡਜ਼ ਦੇ ਕਿਰਾਏ ਦੇ ਮਕਾਨਾਂ ਦੀ ਲਿਸਟ ਕਿਰਾਏ ਦੇ ਮਕਾਨਾਂ ਬਾਰੇ ਸੂਚਨਾ ਦੇਣ ਵਾਲੇ ਰਵਾਇਤੀ ਪਲੇਟਫਾਰਮਾਂ `ਤੇ ਵੀ ਉਪਲਬਧ ਹੋਵੇਗੀ।
- ਜੇ ਤੁਸੀਂ ਬੀ ਸੀ ਹਾਊਸਿੰਗ ਰਾਹੀਂ ਘੱਟ ਆਮਦਨ ਵਾਲੇ ਜਾਂ ਸਮਰਥਨ ਵਾਲੇ ਘਰਾਂ ਦੀ ਭਾਲ ਕਰ ਰਹੇ ਹੋ, ਤਾਂ ਕਿਰਪਾ ਕਰਕੇ ਇੱਥੇ ਕਲਿੱਕ ਕਰੋ।

**6. ਬੀ ਸੀ ਬਿਲਡਜ਼ ਦਾ ਪਹਿਲਾ ਪ੍ਰੋਜੈਕਟ ਕਦੋਂ ਮੁਕੰਮਲ ਹੋਵੇਗਾ?**

- ਇਹ ਉਮੀਦ ਕੀਤੀ ਜਾਂਦੀ ਹੈ ਕਿ ਬੀ ਸੀ ਬਿਲਡਜ਼ ਦੇ ਪ੍ਰੋਜੈਕਟ 2024 ਵਿੱਚ ਕੰਨਸਟ੍ਰਕਸ਼ਨ ਸ਼ੁਰੂ ਕਰਨਗੇ ਅਤੇ ਉਹ 2026 ਵਿੱਚ ਰਹਿਣ ਵਾਲਿਆਂ ਦਾ ਸਵਾਗਤ ਕਰਨ ਲਈ ਤਿਆਰ ਹੋਣਗੇ।

**7. ਬੀ ਸੀ ਬਿਲਡਜ਼ ਰਾਹੀਂ ਕਿੰਨੇ ਘਰ ਬਣਾਏ ਜਾਣਗੇ?**

- 2024 ਅਤੇ 2027 ਵਿਚਕਾਰ ਹਜ਼ਾਰਾਂ ਨਵੇਂ ਘਰ ਉਸਾਰੀ ਅਧੀਨ ਹੋਣਗੇ।

**8. ਬੀ ਸੀ ਬਿਲਡਜ਼ ਦੇ ਪ੍ਰੋਜੈਕਟ ਕਿੱਥੇ ਉਸਾਰੇ ਜਾਣਗੇ?**

- ਬੀ ਸੀ ਬਿਲਡਜ਼ ਪੂਰੇ ਬੀ ਸੀ ਵਿੱਚ ਪ੍ਰੋਜੈਕਟਾਂ ਦਾ ਸਮਰਥਨ ਕਰਦਾ ਹੈ।
- ਸਰਕਾਰ ਅਤੇ ਕਮਿਊਨਿਟੀ ਵਿਚਲੇ ਜ਼ਮੀਨਾਂ ਦੇ ਮਾਲਕ ਭਾਈਵਾਲਾਂ ਦੀ ਮੁੱਢਲੀ ਲਿਸਟ bcbuildshomes.ca/developers `ਤੇ ਦੇਖੀ ਜਾ ਸਕਦੀ ਹੈ।

**9. ਕੀ ਬੀ ਸੀ ਬਿਲਡਜ਼ ਦੇ ਪ੍ਰੋਜੈਕਟਾਂ ਵਿੱਚ ਪਹੁੰਚਯੋਗਤਾ ਦੀਆਂ ਸ਼ਰਤਾਂ ਹਨ?**

- ਬੀ ਸੀ ਬਿਲਡਜ਼ ਦੀਆਂ ਬਿਲਡਿੰਗਾਂ ਬੀ ਸੀ ਬਿਲਡਿੰਗ ਕੋਡ ਅਨੁਸਾਰ ਬਣਾਈਆਂ ਜਾਣਗੀਆਂ, ਜਿਸ ਵਿੱਚ ਪਹੁੰਚਯੋਗਤਾ (ਐਕਸੈਸੇਬਿਲਟੀ), ਐਨਰਜੀ ਦੀ ਕਾਰਗਰਤਾ ਅਤੇ ਜਲਵਾਯੂ ਅਨੁਸਾਰ ਮਜ਼ਬੂਤੀ (ਰਿਜ਼ੀਲੀਐਂਸ) ਦੀਆਂ ਸ਼ਰਤਾਂ ਵੀ ਸ਼ਾਮਲ ਹਨ।
- ਜਦੋਂ ਬਿਲਡਿੰਗ ਕੋਡ ਵਿੱਚ ਨਵੀਂਆਂ ਸ਼ਰਤਾਂ ਸ਼ਾਮਲ ਕੀਤੀਆਂ ਜਾਣਗੀਆਂ, ਤਾਂ ਬੀ ਸੀ ਬਿਲਡਜ਼ ਦੀਆਂ ਬਿਲਡਿੰਗਾਂ ਲਈ ਉਹਨਾਂ ਸ਼ਰਤਾਂ ਨੂੰ ਪੂਰਾ ਕਰਨਾ ਜ਼ਰੂਰੀ ਹੋਵੇਗਾ।

**10. ਬੀ ਸੀ ਬਿਲਡਜ਼ ਦੀ ਲੋੜ ਕਿਉਂ ਹੈ?**

- ਬ੍ਰਿਟਿਸ਼ ਕੋਲੰਬੀਆ ਦੇ ਬਹੁਤ ਸਾਰੇ ਲੋਕ ਉਹਨਾਂ ਕਮਿਊਨਿਟੀਆਂ ਵਿੱਚ ਕਿਰਾਏ `ਤੇ ਘਰ ਲੱਭਣ ਤੋਂ ਅਸਮਰਥ ਹਨ, ਜਿਹਨਾਂ ਕਮਿਊਨਿਟੀਆਂ ਵਿੱਚ ਉਹ ਰਹਿੰਦੇ ਹਨ ਅਤੇ ਕੰਮ ਕਰਦੇ ਹਨ।
- ਬੀ ਸੀ ਬਿਲਡਜ਼ ਪੂਰੇ ਸੂਬੇ ਵਿੱਚ ਕੰਮ ਕਰਨ ਵਾਲੇ ਲੋਕਾਂ ਲਈ ਨਵੇਂ ਘਰਾਂ ਦੀ ਡਿਵੈਲਪਮੈਂਟ (ਉਸਾਰੀ) ਨੂੰ ਤੇਜ਼ ਕਰਨ ਲਈ ਬਣਾਇਆ ਗਿਆ ਸੀ।

BC Builds
homes for people

- ਇਹ ਪ੍ਰੋਗਰਾਮ ਜ਼ਮੀਨ ਦੀ ਲਾਗਤ, ਕੰਨਸਟ੍ਰਕਸ਼ਨ ਦੀ ਲਾਗਤ ਅਤੇ ਵਿਆਜ ਦੇ ਉੱਚੇ ਰੇਟਾਂਸਮੇਤ ਨਵੇਂ ਘਰਾਂ ਦੀ ਡਿਵੈਲਪਮੈਂਟ (ਉਸਾਰੀ) ਵਿੱਚ ਆਉਂਦੀਆਂ ਰੁਕਾਵਟਾਂ ਨੂੰ ਦੂਰ ਕਰਨ ਅਤੇ ਮਿਡਲ ਇਨਕਮ ਵਾਲੇ ਲੋਕਾਂ ਦੇ ਬੱਜਟ ਨਾਲ ਮੇਲ ਖਾਂਦੇ ਕਿਰਾਏ ਦੇ ਹੋਰ ਘਰ ਬਣਾਉਣ ਵਿੱਚ ਮਦਦ ਕਰੇਗਾ।

## 11. ਕੀ ਬੀ ਸੀ ਬਿਲਡਜ਼ ਘਰਾਂ ਨੂੰ ਹਰੋ ਵਾਰਾ-ਖਾਣ ਯੋਗ ਬਣਾਏਗਾ?

- ਬੀ ਸੀ ਬਿਲਡਜ਼ ਦੀ ਪਹਿਲ ਕਿਰਾਏ `ਤੇ ਲੈਣ ਵਾਲੇ ਨਵੇਂ ਘਰਾਂ ਨੂੰ ਤੇਜ਼ੀ ਨਾਲ ਉਸਾਰਨਾ ਅਤੇ ਪੂਰੇ ਬੀ ਸੀ ਵਿੱਚ ਮਿਡਲ-ਇਨਕਮ ਵਾਲੇ ਲੋਕਾਂ ਲਈ ਘਰਾਂ ਦੀ ਸਪਲਾਈ ਨੂੰ ਵਧਾਉਣਾ ਹੈ। ਪਰ ਬੀ ਸੀ ਬਿਲਡਜ਼ ਪ੍ਰੋਗਰਾਮ ਅਧੀਨ ਦਿੱਤੀਆਂ ਜਾਣ ਵਾਲੀਆਂ ਗਰਾਂਟਾਂ ਬੀ ਸੀ ਬਿਲਡਜ਼ ਦੀਆਂ ਬਿਲਡਿੰਗਾਂ ਵਿੱਚ ਕਿਰਾਇਆਂ ਨੂੰ ਮਾਰਕੀਟ ਦੀਆਂ ਦਰਾਂ ਤੋਂ ਘੱਟ ਕਰਨ ਵਿੱਚ ਮਦਦ ਕਰਨਗੀਆਂ।
- ਘਰਾਂ ਦੀ ਸਪਲਾਈ ਪੈਦਾ ਕਰਨ ਅਤੇ ਮਾਰਕੀਟ ਰੇਟਾਂ ਤੋਂ 20% ਘੱਟ ਰੇਟਾਂ `ਤੇ ਘੱਟੋ ਘੱਟ 20% ਯੂਨਿਟ ਤਿਆਰ ਕਰਨ ਲਈ ਨਾਨ-ਪਰਾਫਿਟ ਸੰਸਥਾਂਵਾਂ ਅਤੇ ਫਸਟ ਨੇਸ਼ਨਜ਼ ਦੀਆਂ ਡਿਵੈਲਪਮੈਂਟ ਕਾਰਪੋਰੇਸ਼ਨਾਂ ਲਈ ਪ੍ਰਤੀ ਯੂਨਿਟ ਮਗਰ 225,000 ਡਾਲਰ ਤੱਕ ਦੀਆਂ ਗ੍ਰਾਂਟਾਂ ਉਪਲਬਧ ਹਨ।
- ਬੀ ਸੀ ਬਿਲਡਜ਼ ਦੇ ਸਾਰੇ ਯੂਨਿਟਾਂ ਦਾ ਨਿਸ਼ਾਨਾ ਹੈ ਕਿ ਮਿਡਲ-ਇਨਕਮ ਪਰਿਵਾਰਾਂ ਨੂੰ ਆਪਣੀਆਂ ਆਮਦਨਾਂ ਦਾ 30% ਤੋਂ ਵੱਧ ਹਿੱਸਾ ਕਿਰਾਏ `ਤੇ ਨਾ ਖਰਚਣਾ ਪਵੇ।
- ਬੀ ਸੀ ਬਿਲਡਜ਼ ਦੇ ਘਰਾਂ ਵਿੱਚ ਰਹਿਣ ਵਾਲੇ ਸਾਰੇ ਪਰਿਵਾਰਾਂ ਦੀ ਘਰਾਂ ਵਿੱਚ ਮੂਵ ਹੋਣ ਸਮੇਂ ਆਮਦਨ ਦੇਖੀ ਜਾਵੇਗੀ।

## 12. ਕੀ ਬੀ ਸੀ ਬਿਲਡਜ਼ ਦੀਆਂ ਬਿਲਡਿੰਗਾਂ ਵਿੱਚ ਘਰਾਂ ਦੇ ਮਾਲਕ ਬਣਨ ਦੇ ਮੌਕੇ ਹਨ?

- ਬੀ ਸੀ ਬਿਲਡਜ਼ ਦਾ ਮੁੱਢਲਾ ਧਿਆਨ ਕਿਰਾਏ ਦੇ ਘਰਾਂ ਦੀ ਉਸਾਰੀ ਨੂੰ ਤੇਜ਼ ਕਰਨਾ ਹੈ।
- ਬੀ ਸੀ ਬਿਲਡਜ਼ ਦੇ ਘਰਾਂ ਦੀ ਮਾਲਕੀ ਦਾ ਪ੍ਰੋਗਰਾਮ ਤਿਆਰੀ ਅਧੀਨ ਹੈ - ਪ੍ਰੋਗਰਾਮ ਬਾਰੇ ਹੋਰ ਵਿਸਤ੍ਰਿਤ ਜਾਣਕਾਰੀ ਫਾਈਨਲ ਹੋਣ ਬਾਅਦ ਹੋਰ ਜ਼ਿਆਦਾ ਜਾਣਕਾਰੀ ਉਪਲਬਧ ਹੋਵੇਗੀ।

## 13. ਬੀ ਸੀ ਬਿਲਡਜ਼ ਬੀ ਸੀ ਹਾਊਸਿੰਗ ਵਲੋਂ ਦਿੱਤੇ ਜਾਂਦੇ ਘਰਾਂ ਦੇ ਹੋਰ ਪ੍ਰੋਗਰਾਮਾਂ `ਤੇ ਕਿਸ ਤਰ੍ਹਾਂ ਅਸਰ ਪਾਉਂਦਾ ਹੈ?

- ਬੀ ਸੀ ਬਿਲਡਜ਼ ਬੀ ਸੀ ਹਾਊਸਿੰਗ ਵਲੋਂ ਪ੍ਰਦਾਨ ਕੀਤੇ ਜਾਂਦੇ ਮੌਜੂਦਾ ਪ੍ਰੋਗਰਾਮਾਂ ਤੋਂ ਵੱਖਰਾ ਵਾਧੂ ਪ੍ਰੋਗਰਾਮ ਹੈ।
- ਹੋਰ ਸਾਰੇ ਮੌਜੂਦਾ ਪ੍ਰੋਗਰਾਮ ਚਾਲੂ ਰਹਿਣਗੇ।
- ਇਹਨਾਂ ਵਿੱਚ ਸ਼ਾਮਲ ਹਨ: ਕਮਿਊਨਿਟੀ ਹਾਊਸਿੰਗ ਫੰਡ, ਇਨਡਿਜਨਿਸ ਹਾਊਸਿੰਗ ਫੰਡ, ਸੁਪੋਰਟਿਵ ਹਾਊਸਿੰਗ ਪ੍ਰੋਗਰਾਮ ਅਤੇ ਹਿੰਸਾ ਤੋਂ ਬਚ ਕੇ ਨਿਕਲਣ ਵਾਲੀਆਂ ਔਰਤਾਂ ਅਤੇ ਬੱਚਿਆਂ ਲਈ ਪ੍ਰੋਗਰਾਮ। ਇਹ ਸਾਰੇ ਪ੍ਰੋਗਰਾਮ ਬ੍ਰਿਟਿਸ਼ ਕੋਲੰਬੀਆਂ ਦੇ ਲੋਕਾਂ ਲਈ ਘਰ ਪ੍ਰਦਾਨ ਕਰਨੇ ਜਾਰੀ ਰੱਖਣਗੇ।

## 14. ਮੈਂ ਸਰਕਾਰੀ, ਨਾਨ-ਪਰਾਫਿਟ ਜਾਂ ਕਮਿਊਨਿਟੀ ਦਾ/ਦੀ ਜ਼ਮੀਨ ਮਾਲਕ/ਡਿਵੈਲਪਰ ਹਾਂ - ਕੀ ਮੈਂ ਇਹ ਸਮਝਣ ਲਈ ਕਿਸੇ ਨਾਲ ਗੱਲ ਕਰ ਸਕਦਾ/ਸਕਦੀ ਹਾਂ ਕਿ ਕੀ ਬੀ ਸੀ ਬਿਲਡਜ਼ ਮੇਰੇ ਲਈ ਸਹੀ ਹੈ?

- ਬੀ ਸੀ ਬਿਲਡਜ਼ ਦੀ ਟੀਮ ਨੂੰ ਤੁਹਾਡੇ ਨਾਲ ਗੱਲ ਕਰਕੇ ਖੁਸ਼ੀ ਹੋਵੇਗੀ। ਸਾਨੂੰ info@bcbuildshomes.ca `ਤੇ ਈਮੇਲ ਕਰੋ।

**ਕਿਰਪਾ ਕਰਕੇ ਹੋਰ ਜਾਣਕਾਰੀ ਲਈ, bcbuildshomes.ca `ਤੇ ਜਾਉ।**